## ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਲਈ

**000 ‘ਤੇ ਕਾੱਲ ਕਰੋ** ਜਾਂ ਆਪਣੇ ਸਭ ਤੋਂ ਨਜ਼ਦੀਕੀ ਐਮਰਜੈਂਸੀ (ਅਪਾਤਕਾਲ) ਵਿਭਾਗ ਵਿੱਚ ਜਾਉ।

## ਅਨੁਵਾਦ ਅਤੇ ਦੁਭਾਸ਼ੀਆ ਸੇਵਾ

ਕਿਰਪਾ ਕਰ ਕੇ 131 450 ‘ਤੇ ਕਾੱਲ ਕਰੋ ਅਤੇ 1800 360 000 ਉੱਤੇ ਗੱਲ ਕਰਵਾਉਣ ਲਈ ਕਹੋ। ਇਹ ਇੱਕ ਮੁਫ਼ਤ ਸੇਵਾ ਹੈ।

## ਬੋਲਣ ਜਾਂ ਸੁਣਨ ਦੀ ਸਮਰੱਥਾ ਦਾ ਨੁਕਸਾਨ

ਅਸੀਂ TTY ਅਤੇ ਰਾਸ਼ਟਰੀ ਰੀਲੇ ਸੇਵਾ ਵੱਲੋਂ ਮਿਲਾਈਆਂ ਗਈਆਂ ਕਾੱਲਾਂ ਸਵੀਕਾਰ ਕਰਦੇ ਹਾਂ - ਸਹਾਇਤਾ ਡੈਸਕ 1800 555 660

## ਆਪਣੇ ਸੁਝਾਅ ਸਾਂਝੇ ਕਰੋ

ਤੁਹਾਡੇ ਸੁਝਾਅਵਾਂ ਦੀ ਅਸੀਂ ਕਦਰ ਕਰਦੇ ਹਾਂ
ਈਮੇਲ – advice@pcas.org.au
ਫੋਨ – 1800 360 000

**www.pcas.org.au**

# 1800 360 000

ਸਵੇਰ 7 ਵਜੇ ਤੋਂ ਰਾਤ 10 ਵਜੇ, ਹਫ਼ਤੇ ਦੇ ਸੱਤ ਦਿਨ

ਵਿਕਟੋਰੀਆਈ ਪੈਲੀਏਟਿਵ ਕੇਅਰ ਸਲਾਹ ਸੇਵਾ ਨੂੰ ਸਿਹਤ ਵਿਭਾਗ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਹੈ, ਇਸਨੂੰ ਰਾਇਲ ਮੈਲਬੌਰਨ ਹਸਪਤਾਲ ਦੁਆਰਾ ਚਲਾਇਆ ਜਾਂਦਾ ਹੈ ਅਤੇ ਵਿਕਟੋਰੀਆ ਸਰਕਾਰ ਵੱਲੋਂ ਸਮਰਥਨ ਦਿੱਤਾ ਜਾਂਦਾ ਹੈ।

ਇਸ ਪ੍ਰਕਾਸ਼ਨ ਨੂੰ ਇੱਕ ਪਹੁੰਚਯੋਗ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ 1800 360 000 ਉੱਤੇ ਕਾੱਲ ਕਰੋ, ਜੇ ਲੋੜ ਪਵੇ ਤਾਂ ਰਾਸ਼ਟਰੀ ਰੀਲੇ ਸੇਵਾ 13 36 77 ਰਾਹੀਂ ਕਾੱਲ ਮਿਲਾਉ, ਜਾਂ ਈਮੇਲ ਕਰੋ <advice@pcas.org.au>

ਵਿਕਟੋਰੀਆ ਸਰਕਾਰ, 1 Treasury Place, Melbourne ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ

© ਵਿਕਟੋਰੀਆ ਸਰਕਾਰ, ਦਸੰਬਰ 2024 (2006731)



# ਵਿਕਟੋਰੀਆਈ ਪੈਲੀਏਟਿਵ ਕੇਅਰ

## ਸਲਾਹ ਸੇਵਾ

# 1800 360 000

ਸਵੇਰ 7 ਵਜੇ ਤੋਂ ਰਾਤ 10 ਵਜੇ, ਹਫ਼ਤੇ ਦੇ ਸੱਤ ਦਿਨ

## ਹਰ ਕਿਸੇ ਲਈ,
## ਸਮੁੱਚੇ ਵਿਕਟੋਰੀਆ
## ਵਿੱਚ ਕਿਤੇ ਵੀ

‘ਪੈਲੀਏਟਿਵ ਕੇਅਰ’ ਦਾ ਮਕਸਦ ਹੁੰਦਾ ਹੈ ਕਿ ਜਿਨ੍ਹਾਂ ਲੋਕਾਂ ਕੋਲ ਕਿਸੇ ਉਮਰ ਸੀਮਿਤ ਕਰਦੀ ਬਿਮਾਰੀ ਕਰ ਕੇ ਜਿਉਣ ਦਾ ਥੋੜ੍ਹਾ ਹੀ ਸਮਾਂ ਬਚਿਆ ਹੈ ਅਤੇ ਅਜਿਹੇ ਲੋਕਾਂ ਦੇ ਪਰਿਵਾਰਾਂ ਦੇ ਜੀਵਨ ਦੀ ਗੁਣਵੱਤਾ ਸੁਧਾਰੀ ਜਾ ਸਕੇ।

**ਇਹ ਸਲਾਹ ਸੇਵਾ ਵਕਿਟੋਰੀਆ ਵਚਿ ਹਰ ਕਸਿੇ ਲਈ ਹੈ।**

## ਕੀ ਤੁਸੀਂ ਜੀਵਨ ਨੂੰ ਸੀਮਿਤ ਕਰਨ ਵਾਲੀ ਕਿਸੇ ਬਿਮਾਰੀ ਨਾਲ ਜੀ ਰਹੇ ਹੋ?

## ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਭਾਲ ਕਰਤਾ, ਪਰਿਵਾਰਕ ਮੈਂਬਰ, ਦੋਸਤ/ਸਹੇਲੀ ਜਾਂ ਪੜੋਸੀ ਹੋ ਜੋ ਕਿ ਜੀਵਨ ਨੂੰ ਸੀਮਿਤ ਕਰਨ ਵਾਲੀ ਕਿਸੇ ਬਿਮਾਰੀ ਨਾਲ ਜੀ ਰਿਹਾ/ਰਹੀ ਹੈ?

ਅਸੀਂ ਪ੍ਰਸ਼ਨਾਂ ਬਾਰੇ ਸਹਾਇਤਾ ਕਰ ਸਕਦੇ ਹਾਂ, ਪ੍ਰਸ਼ਨ ਜਿਵੇਂ ਕਿ:

- ਜਿਸ ਵਿਅਕਤੀ ਦੀ ਸਹਾਇਤਾ ਮੈਂ ਕਰ ਰਿਹਾ/ਰਹੀ ਹਾਂ, ‘ਪੈਲੀਏਟਿਵ ਕੇਅਰ’ ਉਸ ਦੀ ਸਹਾਇਤਾ ਕਿਵੇਂ ਕਰ ਸਕਦੀ ਹੈ?
- ਸੰਭਾਲ ਕਰਤਾ ਹੋਣ ਬਾਰੇ ਮੈਂ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?
- ਉਚਿਤ ‘ਪੈਲੀਏਟਿਵ ਕੇਅਰ’ ਸੇਵਾ ਮੈਂ ਕਿਸ ਤਰੀਕੇ ਨਾਲ ਲੱਭਾਂ?
- ਆਪਣੇ ਦਰਦ ਤੋਂ ਰਾਹਤ ਲੈਣ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ? ਮੇਰਾ ਜੀ ਕੱਚਾ ਹੋਣਾ? ਮੈਨੂੰ ਸਾਹ ਸਹੀ ਤਰੀਕੇ ਨਾਲ ਨਾ ਆਉਣਾ?
- ਮੈਨੂੰ ਕੀ ਵਿਚਾਰ ਅਧੀਨ ਰੱਖਣ ਅਤੇ ਕੀ ਯੋਜਨਾ ਬਨਾਉਣ ਦੀ ਲੋੜ ਹੈ?
- ਆਪਣੇ ਸਿਹਤ ਸੰਭਾਲ ਪ੍ਰਦਾਨ ਕਰਤਾ ਨਾਲ ਮੈਂ ‘ਪੈਲੀਏਟਿਵ ਕੇਅਰ’ ਬਾਰੇ ਕਿਵੇਂ ਗੱਲ ਕਰਾਂ?

## ਕੀ ਤੁਸੀਂ ਕੋਈ ਡਾੱਕਟਰ, ਨਰਸ ਜਾਂ ਕੋਈ ਹੋਰ ਸਿਹਤ ਸੰਭਾਲ ਪ੍ਰਦਾਨ ਕਰਤਾ ਹੋ ਜੋ ਕਿਸੇ ਅਜਿਹੇ ਵਿਅਕਤੀ ਦੀ ਦੇਖ-ਰੇਖ ਕਰ ਰਿਹਾ ਹੈ ਜਿਸ ਨੂੰ ਜੀਵਨ ਸੀਮਿਤ ਕਰਨ ਵਾਲੀ ਕੋਈ ਬਿਮਾਰੀ ਹੈ?

ਥੱਲੇ ਦੱਸੀਆਂ ਗਈਆਂ ਸਮੱਸਿਆਵਾਂ ਬਾਰੇ ਸਾਡਾ/ਸਾਡੀ ਮਾਹਰ ‘ਪੈਲੀਏਟਿਵ ਕੇਅਰ’ ਨਰਸ ਜਾਂ ਡਾਕਟਰ ਤੁਹਾਨੂੰ ਸਹਾਇਤਾ ਦੇ ਸਕਦੇ ਹਨ, ਜਿਵੇਂ ਕਿ:

- ਲੱਛਣ ਨਿਯੰਤਰਣ
- ਤਜਵੀਜ਼ ਕਰਨਾ (Prescribing)
- ਦਵਾਈਆਂ ਨੂੰ ਮੂੰਹ ਰਾਹੀਂ ਲੈਣ ਦੇ ਸਥਾਨ ‘ਤੇ, ਟੀਕੇ ਵਿੱਚ ਤਬਦੀਲ ਕਰਨਾ
- ਚਮੜੀ ਵਿੱਚ ਨਿਰੰਤਰ ਟੀਕੇ ਲਗਾਣੇ (Continuous subcutaneous infusions) (ਸਿਰਿੰਜ ਡ੍ਰਾਈਵਰਜ਼)
- ਫੈਸਲੇ ਲੈਣਾ ਅਤੇ ਉੱਚ-ਪੱਧਰੀ ਸੰਭਾਲ ਯੋਜਨਾ

ਅਸੀਂ ਦਵਾਈਆਂ ਦੀ ਲਿਖਤ ਸਲਾਹ (prescriptions), ਰੈਫ਼ਰਲ (ਕਿਸੇ ਨੂੰ ਜਾ ਕੇ ਮਿਲਣ ਦੀ ਸਲਾਹ) ਨਹੀਂ ਦੇ ਸਕਦੇ, ਡਾਕਟਰੀ ਰਿਕਾਰਡ ਨਹੀਂ ਵੇਖ/ਪ੍ਰਾਪਤ ਕਰ ਸਕਦੇ ਜਾਂ ਤੁਹਾਡੇ ਸਥਾਨਕ ਸਿਹਤ ਸੰਭਾਲ ਪ੍ਰਦਾਨ ਕਰਤਾਵਾਂ ਵੱਲੋਂ ਮਿਲਣ ਵਾਲੀ ਸੰਭਾਲ ਦਾ ਸਥਾਨ ਨਹੀਂ ਲੈ ਸਕਦੇ।


**1800 360 000**

ਸਵੇਰ 7 ਵਜੇ ਤੋਂ ਰਾਤ 10 ਵਜੇ, ਹਫ਼ਤੇ ਦੇ ਸੱਤ ਦਿਨ

ਮੁਫ਼ਤ ਅਤੇ ਗੁਪਤ

**www.pcas.org.au**